Punjabi - Number 84
October 2023

# ਰੇਏ ਸਿੰਨਡਰੋਮ

# Reye Syndrome

## ਰੇਏ ਸਿੰਨਡਰੋਮ ਕੀ ਹੈ?

ਰੇਏ ਸਿੰਨਡਰੋਮ ਇੱਕ ਅਜਿਹੀ ਵਿਰਲੀ ਬੀਮਾਰੀ ਹੈ ਜੋ ਮੁੱਖ ਤੌਰ ਤੇ ਬੱਚਿਆਂ ਅਤੇ ਕਿਸ਼ੋਰਾਂ ਨੂੰ ਪ੍ਰਭਾਵਿਤ ਕਰਦੀ ਹੈ। ਇਹ ਅਕਸਰ ਉਹਨਾਂ ਬੱਚਿਆਂ ਵਿੱਚ ਹੁੰਦਾ ਹੈ ਜਿਨ੍ਹਾਂ ਨੂੰ ਚਿਕਨਪੌਕਸ ਜਾਂ ਇਨਫਲੂਐਂਜ਼ਾ ਵਰਗੀ ਵਾਇਰਲ ਲਾਗ ਹੈ, ਜਾਂ ਹਾਲ ਹੀ ਵਿੱਚ ਹੋਈ ਹੈ। ਰੇਏ ਸਿੰਨਡਰੋਮ ਕਰਕੇ ਜਿਗਰ ਅਤੇ ਦਿਮਾਗ ਵਿੱਚ ਸੋਜ ਆ ਜਾਂਦੀ ਹੈ, ਅਤੇ ਇਹ ਜਾਨਲੇਵਾ ਹੋ ਸਕਦਾ ਹੈ।

## ਮੈਂ ਰੇਏ ਸਿੰਨਡਰੋਮ ਨੂੰ ਹੋਣ ਤੋਂ ਕਿਸ ਤਰ੍ਹਾਂ ਰੋਕ ਸਕਦੀ/ਦਾ ਹਾਂ?

ਐਸੀਟੀਸੈਲੀਸਾਈਕਲਿਕ ਐਸਿਡ (ਏ ਐਸ ਏ ਜਾਂ ਐਸਪਰਿੰਨ®) ਦੀ ਵਰਤੋਂ ਨੂੰ ਪੱਕੇ ਤਰੀਕੇ ਨਾਲ ਰੇਏ ਸਿੰਨਡਰੋਮ ਨਾਲ ਜੋੜਿਆ ਗਿਆ ਹੈ। 18 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਵਿਅਕਤੀ ਨੂੰ ਬੁਖਾਰ, ਸਿਰਦਰਦ ਅਤੇ ਮਾਸਪੇਸ਼ੀਆਂ ਦੀਆਂ ਦਰਦਾਂ ਦੇ ਪ੍ਰਬੰਧ ਦੇ ਲਈ ਏ ਐਸ ਏ ਜਾਂ ਐਸਪਰਿੰਨ® ਨਾ ਦਿਓ।

ਇਸ ਦੀ ਬਜਾਏ ਐਸੀਟਾਮਿਨੋਫ਼ਿਨ ਦੀ ਵਰਤੋਂ ਕਰੋ। ਐਸੀਟਾਮਿਨੋਫ਼ਿਨ ਵਾਲੀਆਂ ਦਵਾਈਆਂ ਦੀਆਂ ਉਦਾਹਰਨਾਂ ਹਨ ਟਾਈਲਨੋਲ (Tylenol®), ਟੈਮਪਰਾ (Tempra®) ਅਤੇ ਐਟਾਸੋਲ (Atasol®)। ਤੁਸੀਂ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਲੱਛਣਾਂ ਦੀ ਰਾਹਤ ਦੇ ਲਈ ਆਈਬਿਊਪਰੋਫ਼ੈਨ ਵੀ ਵਰਤ ਸਕਦੇ ਹੋ।

ਆਈਬਿਊਪਰੋਫ਼ੈਨ ਦੇ ਉਦਾਹਰਣਾਂ ਵਿੱਚ ਐਡਵਿਲ® ਅਤੇ ਮੋਟਰਿਨ® ਸ਼ਾਮਲ ਹਨ। ਆਈਬਿਊਪਰੋਫ਼ੈਨ ਵਾਲੇ ਉਤਪਾਦ ਪਹਿਲਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕੀਤੇ ਬਿਨਾ 6 ਮਹੀਨੇ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਨਾ ਵਰਤੋ।

ਖੁਰਾਕ ਹਮੇਸ਼ਾ ਉਤਪਾਦ ਉੱਤੇ ਦਿੱਤੇ ਨਿਰਦੇਸ਼ਾਂ ਅਨੁਸਾਰ ਜਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੁਆਰਾ ਸਿਫਾਰਸ਼ ਕੀਤੇ ਅਨੁਸਾਰ ਵਰਤੋ।

## ਰੇਏ ਸਿੰਨਡਰੋਮ ਦੇ ਲੱਛਣ ਕੀ ਹਨ?

ਰੇਏ ਸਿੰਨਡਰੋਮ ਦੇ ਲੱਛਣਾਂ ਵਿੱਚ ਸ਼ਾਮਲ ਹਨ:

- ਅਸਧਾਰਨ ਉਨੀਂਦਰਾਪਨ ਜਾਂ ਸ਼ਕਤੀ ਦੀ ਕਮੀ
- ਬਹੁਤ ਛੋਟੇ ਅਤੇ ਛੋਟੇ ਬੱਚਿਆਂ ਵਿੱਚ ਦਸਤ ਅਤੇ ਸਾਹ ਦਾ ਤੇਜ਼ ਚਲਣਾ
- ਬੱਚਿਆਂ ਅਤੇ ਕਿਸ਼ੋਰਾਂ ਵਿੱਚ ਲਗਾਤਾਰ ਉਲਟੀਆਂ
- ਵਿਵਹਾਰ ਜਾਂ ਸਖਸ਼ੀਅਤ ਵਿੱਚ ਉਲਝਣ, ਚਿੜਚਿੜਾਪਨ ਜਾਂ ਗੁੱਸਾ ਆਉਣ ਵਰਗੀਆਂ ਤਬਦੀਲੀਆਂ। ਰੇਏ ਸਿੰਨਡਰੋਮ ਕਰਕੇ ਘੂਰ ਕੇ ਦੇਖਣ ਅਤੇ ਸਮਝ ਨਾ ਆਉਣ ਵਾਲੀ ਬੋਲੀ ਵਰਗਾ ਅਜੀਬ ਵਿਵਹਾਰ ਵੀ ਹੋ ਸਕਦਾ ਹੈ
- ਪਕੜ (ਸੀਜ਼ਰ) ਅਤੇ ਬੇਹੋਸ਼ੀ (ਕੋਮਾ)
- ਬੇਹੋਸ਼ ਹੋ ਜਾਣਾ

ਰੇਏ ਸਿੰਨਡਰੋਮ ਵਾਇਰਲ ਵਿਗਾੜ ਦੀ ਸ਼ੁਰੂਆਤ ਦੇ 3 ਤੋਂ 7 ਦਿਨ ਦੇ ਬਾਦ ਵਾਪਰਦਾ ਹੈ। ਇਹ ਲਾਗ ਤੋਂ ਠੀਕ ਹੋਣ ਵੇਲੇ ਵੀ ਹੋ ਸਕਦਾ ਹੈ। ਰੇਏ ਸਿੰਨਡਰੋਮ ਦੀ ਦਿਮਾਗ ਦੀ ਸੋਜ (ਏਨਸਿਫਾਲਾਈਟਸ) ਜਾਂ ਦਿਮਾਗ ਦੀ ਪਰਤ ਦੀ ਸੋਜ (ਮੇਨਿੰਨਜਾਈਟਸ), ਸ਼ੱਕਰ ਰੋਗ, ਡਰੱਗ ਓਵਰਡੋਜ਼, ਜ਼ਹਿਰ ਦੇ ਅਸਰ, ਸਡਨ ਇੰਨਫੈਂਟ ਡੈਥ ਸਿੰਨਡਰੋਮ (ਸਿਡਜ਼) ਜਾਂ ਕਿਸੇ ਮਾਨਸਕ ਬੀਮਾਰੀ ਦੀ ਤਰ੍ਹਾਂ ਗਲਤ ਪਛਾਣ ਹੋ ਸਕਦੀ ਹੈ।

## ਇਲਾਜ ਕੀ ਹੈ?

ਜਲਦੀ ਪਛਾਣ ਕੀਤੇ ਜਾਣਾ ਅਤੇ ਹਸਪਤਾਲ ਵਿੱਚ ਇਲਾਜ ਤੁਹਾਡੇ ਬੱਚੇ ਦੀ ਜਾਨ ਬਚਾ ਸਕਦਾ ਹੈ। ਇਲਾਜ ਵਿੱਚ ਸ਼ਾਮਲ ਹਨ ਦਿਮਾਗ ਦੀ ਸੋਜ ਨੂੰ ਘਟਾਉਣਾ, ਜਿਗਰ ਅਤੇ ਦੂਸਰੀਆਂ ਇੰਦਰੀਆਂ ਨੂੰ ਨੁਕਸਾਨ ਪਹੁੰਚਣ ਤੋਂ ਰੋਕਣਾ,ਅਤੇ ਦਿਲ ਦੀ ਨਿਗਰਾਨੀ।

ਬਹੁਤੇ ਲੋਕ ਪੂਰੀ ਤਰ੍ਹਾਂ ਠੀਕ ਹੋ ਜਾਂਦੇ ਹਨ, ਪਰ ਰੇਏ ਸਿੰਨਡਰੋਮ ਸਥਾਈ ਦਿਮਾਗੀ ਨੁਕਸਾਨ ਜਾਂ ਮੌਤ ਦਾ ਕਾਰਨ ਬਣ ਸਕਦਾ ਹੈ।